# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

*ਈ.ਮੇਲ:* deose.amritsar@punjabeducation.gov.in *ਫੋਨ ਅਤੇ ਫੈਕਸ ਨੰਬਰ:* 0183-2225896

ਵੱਲ

ਸਮੂਹ ਪ੍ਰਿੰਸੀਪਲ,
ਸਰਕਾਰੀ/ਪ੍ਰਾਇਵੇਟ/ਮਾਨਤਾ ਪ੍ਰਾਪਤ/ਆਦਰਸ਼ ਸੀਨੀ.ਸੈਕੰ.ਸਕੂਲ,
ਜਿਲ੍ਹਾ ਅੰਮ੍ਰਿਤਸਰ।

**ਸਮਾਂ ਬੱਧ / ਅਤੀ ਜਰੂਰੀ**

ਪੱਤਰ ਨੰ: ਜੀ-6/2019- 2019397061
ਮਿਤੀ :- 21/11/2019

ਵਿਸ਼ਾ :- ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਫਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਆਫ ਪੰਜਾਬ ਸ਼ੈਸ਼ਨ 2019-20 ਲਈ ਫੀਸਾਂ ਅਪਡੇਟ ਕਰਨ ਸਬੰਧੀ ।

ਹਵਾਲਾ : ਇਸ ਦਫਤਰ ਦੇ ਪੱਤਰ ਨੰ: 2019259873 ਮਿਤੀ 29-08-2019 ਦੇ ਸਬੰਧ ਵਿਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਫਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਆਫ ਪੰਜਾਬ ਸ਼ੈਸ਼ਨ 2019-20 ਲਈ ਪੋਸਟ ਮੈਟ੍ਰਿਕ ਸਕੀਮਾਂ ਤਹਿਤ ਸੰਸਥਾਵਾਂ ਵੱਲੋ ਕੋਰਸ ਸਲੈਕਟ ਕਰਕੇ ਫੀਸਾਂ ਅਪਡੇਟ ਕਰਨ ਸਬੰਧੀ ਆਪ ਨੂੰ ਪਹਿਲਾਂ ਵੀ ਇਸ ਦਫਤਰ ਵੱਲੋ ਪੱਤਰ ਲਿਖਿਆ ਜਾ ਚੁੱਕਾ ਹੈ ਪਰ ਬਹੁਤ ਸਾਰੇ ਸੰਸਥਾਵਾਂ ਵੱਲੋਂ ਸਬੰਧਤ ਪੋਰਟਲ ਤੇ ਅਜੇ ਤੱਕ ਫੀਸਾਂ ਅਪਡੇਟ ਨਹੀ ਕੀਤੀਆਂ ਗਈਆਂ । ਹੁਣ ਬਿਨਾਂ ਕਿਸੇ ਦੇਰੀ ਦੇ ਫੀਸਾਂ ਅਪਡੇਟ ਕਰਕੇ ਅਪਰੂਵ ਕਰਵਾ ਲਈਆਂ ਜਾਣ । ਜੇਕਰ ਫੀਸਾਂ ਅਪਡੇਟ ਨਾ ਕਰਨ ਕਾਰਨ ਕੋਈ ਵੀ ਵਿਦਿਆਰਥੀ ਵਜੀਫਾ ਅਪਲਾਈ ਕਰਨ ਤੋ ਵਾਂਝਾ ਰਹਿ ਜਾਂਦਾ ਹੈ ਤਾਂ ਨਿਕਲਣ ਵਾਲੇ ਸਿੱਟਿਆਂ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ।

ਨੱਥੀ : ਫੀਸਾਂ ਸਬੰਧੀ ਨਿਰਧਾਰਤ ਹੱਦ ਦਾ
ਵਿਭਾਗੀ ਪੱਤਰ

21/11/19
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।
21/11/19
21/11/2019

1569
20/9/19

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
ਪੰਜਵੀਂ ਮੰਜਿਲ,ਈ-ਬਲਾਕ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8,ਐਸ.ਏ.ਐਸ.ਨਗਰ।
(ਵਜੀਫਾ ਸ਼ਾਖਾ)

ਸੇਵਾ ਵਿਖੇ

2019210261
20/9/19

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਪੰਜਾਬ ਰਾਜ ਦੇ ਸਰਕਾਰੀ/ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ /ਸਕੂਲ ਮੁਖੀ।

ਮੀਮੋ ਨੰ. 20/3-2013 ਵਜੀਫਾ(5) /2019319659
ਮਿਤੀ:- 20-09-19

ਵਿਸ਼ਾ:- **ਪੋਸਟ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ./ਓ.ਬੀ.ਸੀ. ਸਕੀਮ ਅਧੀਨ ਸਾਲ 2019-20 ਦੌਰਾਨ ਸਰਕਾਰੀ ਅਤੇ ਪ੍ਰਾਈਵੇਟ ਸਕੂਲਾ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਲਈਆ ਜਾਣ ਵਾਲੀਆਂ ਫੀਸਾਂ ਦੀ ਰੀਇੰਮਬਰਸਮੈਂਟ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਡਾ. ਅੰਬੇਦਕਰ ਪੋਰਟਲ ਤੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਲਈ ਸਾਲ 2019-20 ਤਹਿਤ ਫੀਸਾਂ ਦੀ ਕੈਪਿੰਗ ਸਾਲ 2018-19 ਵਾਲੀ ਹੀ ਨਿਰਧਾਰਤ ਕੀਤੀ ਜਾਂਦੀ ਹੈ। ਪੋਰਟਲ ਤੇ ਸਕੂਲਾਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀਆਂ ਫੀਸਾਂ ਦੀ ਰੀਇੰਮਬਰਸਮੈਂਟ ਸਬੰਧੀ ਗਿਆਰਵੀ ਜਮਾਤ ਦੇ ਵਿਦਿਆਰਥੀਆਂ ਦੀ ਫੀਸ ਦੀ ਵੱਧ ਤੋਂ ਵੱਧ ਹੱਦ 1624/- ਰੁਪਏ ਪ੍ਰਤੀ ਸਾਲ ਅਤੇ ਬਾਰਵੀਂ ਜਮਾਤ ਦੀ ਫੀਸ ਦੀ ਵੱਧ ਤੋਂ ਵੱਧ ਹੱਦ 3364/- ਰੁਪਏ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਨਿਰਧਾਰਤ ਕੀਤੀ ਜਾਂਦੀ ਹੈ।

ਪ੍ਰਾਈਵੇਟ ਸਕੂਲਾਂ ਲਈ ਗਿਆਰਵੀ ਅਤੇ ਬਾਰਵੀ ਕਲਾਸਾਂ ਦੀ ਫੀਸ ਦੀ ਵੱਧ ਤੋਂ ਵੱਧ ਹੱਦ 12000/- ਰੁਪਏ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਨਿਰਧਾਰਿਤ ਕੀਤੀ ਗਈ ਹੈ।

ਇਹ ਪੱਤਰ ਸਰਕਾਰ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਦ/ਦ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠਅੰਕਣ ਨੰ:ਉਕਤ।/2019319660 ਮਿਤੀ, ਐਸ.ਏ.ਐਸ. ਨਗਰ: 20-09-19

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-129, ਸੈਕਟਰ 34-ਏ, ਐਸ.ਏ.ਐਸ.ਨਗਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਦ/ਦ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।